# ਕਰੋਨਾ ਵਾਇਰਸ ਭੋਜਨ ਸਹਾਇਤਾ ਪ੍ਰੋਗਰਾਮ 2 (CORONAVIRUS FOOD ASSISTANCE PROGRAM 2)



**USDA ਸਾਡੇ ਦੇਸ਼ ਦੇ ਕਿਸਾਨਾਂ ਅਤੇ ਪਸ਼ੂਪਾਲਕਾਂ ਨੂੰ ਕਰੋਨਾ ਵਾਇਰਸ ਭੋਜਨ ਸਹਾਇਤਾ ਪ੍ਰੋਗਰਾਮ 2 (CFAP 2) ਰਾਹੀਂ ਮਹੱਤਵਪੂਰਣ ਸਹਾਇਤਾ ਪ੍ਰਦਾਨ ਕਰ ਰਹੀ ਹੈ। CFAP 2 ਉਨ੍ਹਾਂ ਖੇਤੀਬਾੜੀ ਉਤਪਾਦਕਾਂ ਨੂੰ ਮਹੱਤਵਪੂਰਣ ਵਿੱਤੀ ਸਹਾਇਤਾ ਪ੍ਰਦਾਨ ਕਰਦੀ ਹੈ ਜੋ ਕੋਵਿਡ-19 ਦੇ ਕਾਰਨ ਲਗਾਤਾਰ ਮਾਰਕੀਟ ਦੀਆਂ ਰੁਕਾਵਟਾਂ ਅਤੇ ਸਬੰਧਤ ਕੀਮਤਾਂ ਦਾ ਸਾਹਮਣਾ ਕਰਦੇ ਹਨ।**

## ਸੰਖੇਪ

USDA ਉਤਪਾਦਕਾਂ ਦੀ ਪਹਿਲ ਲਈ ਮਹਾਮਾਂਰੀ ਸਹਿਯੋਗ ਰਾਹੀਂ ਕਿਸਾਨਾਂ, ਪਸ਼ੂਪਾਲਕਾਂ ਅਤੇ ਉਤਪਾਦਕਾਂ ਨੂੰ ਵਾਧੂ ਵਿੱਤੀ ਸਹਾਇਤਾ ਪ੍ਰਦਾਨ ਕਰਨਾ ਸ਼ੁਰੂ ਕਰੇਗਾ ਜੋ ਕੋਵਿਡ-19 ਦੀਆਂ ਮਾਰਕੀਟ ਦੀਆਂ ਰੁਕਾਵਟਾਂ ਨਾਲ ਪ੍ਰਭਾਵਿਤ ਹੋਏ ਹਨ।

CFAP 2 ਲਈ ਅਸਲ ਅਰਜ਼ੀ ਦੀ ਮਿਆਦ 11 ਦਸੰਬਰ, 2020 ਨੂੰ ਖਤਮ ਹੋ ਗਈ ਹੈ। USDA ਨੇ CFAP 2 ਸਾਈਨਅਪ ਮੁੜ ਖੋਲ੍ਹ ਦਿੱਤੀ ਹੈ ਜਿਸ ਦੀ ਸ਼ੁਰੂਆਤ **5 ਅਪ੍ਰੈਲ, 2021**, ਤੋਂ **ਘੱਟੋ-ਘੱਟ 60 ਦਿਨਾਂ ਲਈ ਚਲੇਗੀ**। ਸਾਈਨਅਪ ਦੀ ਸਮੇਂ ਸੀਮਾਂ ਦੀ ਘੋਸ਼ਣਾ ਬਾਅਦ ਦੀ ਤਾਰੀਖ ਵਿੱਚ ਕੀਤੀ ਜਾਵੇਗੀ।

## ਕੌਣ ਯੋਗ ਹੈ?

ਨਿਰਧਾਰਿਤ ਖੇਤੀਬਾੜੀ ਜਿੰਸਾਂ ਦੇ ਉਤਪਾਦਕ (ਵਿਅਕਤੀ ਜਾਂ ਕਾਨੂੰਨੀ ਇਕਾਈਆਂ) ਜਿਹਨਾਂ ਨੂੰ ਲਗਾਤਾਰ ਮਾਰਕੀਟ ਦੀਆਂ ਰੁਕਾਵਟਾਂ ਅਤੇ ਮਹੱਤਵਪੂਰਣ ਮਾਰਕੀਟਿੰਗ ਖਰਚਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਹ CFAP 2 ਭੁਗਤਾਨਾਂ ਲਈ ਯੋਗ ਹਨ।

**ਭੁਗਤਾਨਾਂ ਲਈ ਯੋਗ ਹੋਣ ਲਈ, ਕਿਸੇ ਵਿਅਕਤੀ ਜਾਂ ਕਾਨੂੰਨੀ ਇਕਾਈ ਦੀ ਲਾਜ਼ਮੀ ਤੌਰ ਤੇ ਜਾਂ ਤਾਂ:**

- ਟੈਕਸ ਸਾਲ 2016, 2017, ਅਤੇ 2018 ਲਈ ਔਸਤ ਸਮਾਯੋਜਿਤ ਕੀਤੀ ਕੁੱਲ ਆਮਦਨ $900,000 ਤੋਂ ਘੱਟ ਹੋਣੀ ਚਾਹੀਦੀ ਹੈ; ਜਾਂ
- ਆਪਣੀ ਸਮਾਯੋਜਿਤ ਕੁੱਲ ਆਮਦਨ ਦਾ ਘੱਟੋ-ਘੱਟ 75 ਪ੍ਰਤੀਸ਼ਤ ਖੇਤੀਬਾੜੀ, ਪਸ਼ੂ-ਪਾਲਣ ਜਾਂ ਜੰਗਲਾਤ ਨਾਲ ਸਬੰਧਤ ਗਤੀਵਿਧੀਆਂ ਤੋਂ ਪ੍ਰਾਪਤ ਕਰ ਰਿਹਾ ਹੋਣਾ ਚਾਹੀਦਾ ਹੈ।

**ਵਿਅਕਤੀਆਂ ਅਤੇ ਕਾਨੂੰਨੀ ਇਕਾਈਆਂ ਨੂੰ ਲਾਜ਼ਮੀ ਤੌਰ ਤੇ ਹੇਠ ਲਿਖਿਆ ਕਰਦੇ ਹੋਣਾ ਚਾਹੀਦਾ ਹੈ:**

- ਯੋਗ ਜਿੰਸਾਂ ਨੂੰ ਵਪਾਰਕ ਤੌਰ ਤੇ ਉਤਪਾਦਿਤ ਕਰਦੇ ਹੋਣਾ ਚਾਹੀਦਾ ਹੈ;
- ਅਰਜ਼ੀ ਦੇਣ ਦੇ ਸਮੇਂ ਖੇਤੀਬਾੜੀ ਦੇ ਕੰਮ ਵਿੱਚ ਹੋਣਾ ਚਾਹੀਦਾ ਹੈ;
- "ਬਹੁਤ ਜ਼ਿਆਦਾ ਖੁਰ ਜਾਣ ਵਾਲੀ ਜਮੀਨ ਅਤੇ ਨਮੀ ਵਾਲੀ ਜਮੀਨ ਦਾ ਸੰਰਖਣ" ਨਿਯਮਾਂ ਦੇ ਪ੍ਰਬੰਧਾਂ ਦੀ ਪਾਲਣਾ ਕਰਦੇ ਹੋਣਾ ਚਾਹੀਦਾ ਹੈ, ਜਿਸ ਨੂੰ ਅਕਸਰ ਸੰਰਖਣ ਪਾਲਣਾ ਪ੍ਰਬੰਧ ਕਿਹਾ ਜਾਂਦਾ ਹੈ;
- ਜੇਕਰ ਵਿਦੇਸ਼ੀ ਵਿਅਕਤੀ ਹੈ, ਤਾਂ ਖੇਤੀਬਾੜੀ ਦੇ ਕੰਮ ਵਿੱਚ ਜਮੀਨ, ਪੂੰਜੀ, ਅਤੇ ਢੁਕਵੀਂ ਸਕ੍ਰੀਯ ਨਿੱਜੀ ਲੇਬਰ ਪ੍ਰਦਾਨ ਕਰਦਾ ਹੋਣਾ ਚਾਹੀਦਾ ਹੈ; ਅਤੇ
- ਨਿਯੰਤ੍ਰਿਤ ਪਦਾਰਥ ਉਲੰਘਣ ਨਹੀਂ ਹੋਣਾ ਚਾਹੀਦਾ।

ਕੰਟਰੈਕਟ ਹੇਠ ਉਗਾਈਆਂ ਗਈਆਂ ਜਿੰਸਾਂ ਜਿਸ ਵਿੱਚ ਉਤਪਾਦਕ ਦੀ ਮਲਕੀਅਤ ਹੈ ਅਤੇ ਉਤਪਾਦਨ ਜੋਖਮ CFAP 2 ਲਈ ਯੋਗ ਹਨ।

## ਯੋਗ ਜਿੰਸਾਂ

CFAP 2 ਭੁਗਤਾਨ ਜਿੰਸਾਂ ਦੀਆਂ ਤਿੰਨ ਸ਼੍ਰੇਣੀਆਂ ਵਿੱਚ ਵੰਡੇ ਜਾਣਗੇ:
1. ਮੁੱਲ ਟ੍ਰਿਗਰ ਜਿੰਸਾਂ;
2. ਫਲੈਟ-ਮੁੱਲ ਵਾਲੀਆਂ ਫਸਲਾਂ; ਅਤੇ
3. ਵਿਕਰੀ ਵਾਲੀ ਜਿੰਸਾਂ।

## ਮੁੱਲ ਟ੍ਰਿਗਰ ਜਿੰਸਾਂ

ਮੁੱਲ ਟ੍ਰਿਗਰ ਜਿੰਸਾਂ ਨੂੰ 13-17 ਜਨਵਰੀ, 2020 ਦੇ ਹਫ਼ਤੇ ਲਈ ਔਸਤ ਮੁੱਲ, ਅਤੇ 27-31 ਜੁਲਾਈ, 2020 ਦੇ ਹਫ਼ਤੇ ਲਈ ਔਸਤ ਮੁੱਲ ਦੀ ਤੁਲਨਾ ਵਿੱਚ 5 ਪ੍ਰਤੀਸ਼ਤ-ਜਾਂ-ਵੱਧ ਦੇ ਮੁੱਲ ਵਿੱਚ ਕਮੀ ਦਾ ਸਾਹਮਣਾ ਕਰਨਾ ਪਿਆ।
ਮੁੱਲ ਟ੍ਰਿਗਰ ਜਿੰਸਾਂ ਵਿੱਚ ਹੇਠ ਲਿਖੇ ਸ਼ਾਮਲ ਹਨ

- ਜੌਂ
- ਮਕਈ
- ਜ਼ੋਰਗੁਮ (ਜਵਾਰ)
- ਸੋਇਆਬੀਨ
- ਸੂਰਜਮੁੱਖੀ
- ਅਪਲੈਂਡ ਕਪਾਹ
- ਕਣਕ (ਸਾਰੀਆਂ ਸ਼੍ਰੇਣੀਆਂ)
- ਬ੍ਰੋਇਲਰਸ
- ਅੰਡੇ
- ਬੀਫ਼ ਕੈਟਲ
- ਡੇਅਰੀ
- ਹੌਗਸ ਅਤੇ ਪਿੱਗਸ (ਸੂਅਰ)
- ਲੇਲੇ ਅਤੇ ਭੇਡ

## ਫਲੈਟ-ਮੁੱਲ ਦੀਆਂ ਫਸਲਾਂ

ਫਲੈਟ-ਮੁੱਲ ਦੀਆਂ ਫਸਲਾਂ ਉਹ ਫਸਲਾਂ ਹਨ ਜਿਹੜੀਆਂ ਜਾਂ ਤਾਂ 5-ਪ੍ਰਤੀਸ਼ਤ ਦਾ ਮੁੱਲ ਗਿਰਾਵਟ ਦੇ ਟ੍ਰਿਗਰ ਨੂੰ ਪੂਰਾ ਨਹੀਂ ਕਰਦੀਆਂ ਜਾਂ ਜਿਨ੍ਹਾਂ ਦੇ ਮੁੱਲ ਬਦਲਾਅ ਦੀ ਗਣਨਾ ਕਰਨ ਲਈ ਡੇਟਾ ਉਪਲੱਬਧ ਨਹੀਂ ਹੁੰਦਾ। ਫਲੈਟ-ਮੁੱਲ ਦੀਆਂ ਫਸਲਾਂ ਵਿੱਚ ਹੇਠ ਲਿਖੀਆਂ ਸ਼ਾਮਲ ਹਨ, ਪਰ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ:

- ਐਲਫਾਲਫਾ
- ਅਮਰਾਂਤ ਅਨਾਜ
- ਬੱਕਵੀਟ (ਕੁੱਟੂ)
- ਕੈਨੋਲਾ
- ਜ਼ਿਆਦਾ ਲੰਮੀ ਸਟੇਪਲ ਕਪਾਹ
- ਕ੍ਰੈਮਬੀ (ਕੋਲਵਾਰਟ)
- ਆਈਨਕੋਰਨ
- ਇਮੇਰ
- ਸਣ (ਫਲੈਕਸ)
- ਗੁਆਰ
- ਹੈਂਪ (ਭੰਗ)
- ਇੰਡੀਗੋ
- ਉਦਯੋਗਿਕ ਚਾਵਲ
- ਕੇਨਾਫ
- ਬਾਜਰਾ
- ਖੋਰਾਸਨ ਕਣਕ
- ਸਰੋਂ
- ਔਟਸ (ਜਵੀ)
- ਮੂੰਗਫਲੀ
- ਕਿਨੋਆ
- ਰੇਪਸੀਡ (ਸਰ੍ਹੋਂ)
- ਸਾਫਲੋਫਰ (ਅਮਰੀਕਨ ਕੇਸਰ)
- ਤਿਲ
- ਸਪੇਲਟ੍ਜ਼
- ਗੰਨਾ
- ਚਕੁੰਦਰ
- ਮਿੱਠਾ ਚਾਵਲ
- ਟੇਫ
- ਟ੍ਰੀਟਿਕਲ
- ਜੰਗਲੀ ਚਾਵਲ

## ਵਿਕਰੀ ਵਾਲੀਆਂ ਜਿੰਸਾਂ

ਵਿਕਰੀ ਵਾਲੀਆਂ ਜਿੰਸਾਂ ਵਿੱਚ ਸ਼ਾਮਲ ਹਨ:

- ਫਲ ਅਤੇ ਸਬਜ਼ੀਆਂ
- ਨਿਯੰਤ੍ਰਿਤ ਵਾਤਾਵਰਣ ਵਿੱਚ ਉਗਾਇਆ ਐਕੁਆਕਲਚਰ;
- ਨਰਸਰੀ ਵਾਲੀਆਂ ਫਸਲਾਂ ਅਤੇ ਫੁੱਲਾਂ ਦੀ ਖੇਤੀ;
- ਹੋਰ ਪਸ਼ੂਧਨ ((ਪ੍ਰਜਣਨ ਵਾਲੇ ਪਸ਼ੂਆਂ ਨੂੰ ਛੱਡ ਕੇ) ਜੋ ਮੁੱਲ ਟ੍ਰਿਗਰ ਸ਼੍ਰੇਣੀ ਹੇਠ ਸ਼ਾਮਲ ਨਹੀਂ ਕੀਤੇ ਗਏ ਹਨ, ਜਿਨ੍ਹਾਂ ਨੂੰ ਭੋਜਨ, ਰੇਸ਼ੇ, ਫਰ, ਜਾਂ ਖੰਬਾਂ ਲਈ ਪਾਲਿਆ-ਪੋਸਿਆ ਗਿਆ ਸੀ;
- ਤੰਬਾਕੂ;
- ਬਕਰੀ ਦਾ ਦੁੱਧ;
- ਮਿੰਕ (ਪੈਲਟਸ ਸਮੇਤ);
- ਮੋਹੇਰ;
- ਪੁਲੇਟਸ;
- ਟੱਰਫਗ੍ਰਾਸ ਸੋਡ;
- ਉੱਨ; ਅਤੇ
- ਹੋਰ ਜਿੰਸਾਂ।

ਯੋਗ ਜਿੰਸਾਂ ਦੀ ਸੂਚੀ ਲਈ, farmers.gov/cfapਤੇ ਜਾਓ।



## ਕੰਟ੍ਰੈਕਟ ਉਤਪਾਦਕ ਜਿੰਸਾਂ

ਕੰਟ੍ਰੈਕਟ ਉਤਪਾਦਕਾਂ ਲਈ ਵਿਸ਼ੇਸ਼ ਤੌਰ ਤੇ ਯੋਗ ਜਿੰਸਾਂ ਵਿੱਚ ਸ਼ਾਮਲ ਹਨ:

- ਬ੍ਰੋਇਲਰਸ
- ਛੋਟੀ ਉਮਰ ਦੀ ਮੁਰਗੀ (ਪੁਲੇਟਸ)
- ਵੱਡੀ ਉਮਰ ਦੀਆਂ ਮੁਰਗੀਆਂ (ਲੇਅਰਸ)
- ਟਰਕੀਸ
- ਚਿਕਨ ਅੰਡੇ
- ਹੌਗਸ ਅਤੇ ਪਿੱਗਸ (ਸੂਅਰ)

## ਅਯੋਗ ਜਿੰਸਾਂ

ਸੁੱਕੀ ਘਾਹ (ਹੇਅ), ਐਲਫਾਲਫਾ ਨੂੰ ਛੱਡ ਕੇ ਅਤੇ ਫਸਲਾਂ, ਜੋ ਚਾਰੇ ਵਾਲੀਆਂ ਹਨ, CFAP 2 ਲਈ ਯੋਗ ਨਹੀਂ ਹਨ ਅਤੇ ਇਨ੍ਹਾਂ ਲਈ CFAP 2 ਭੁਗਤਾਨ ਪ੍ਰਾਪਤ ਨਹੀਂ ਹੋਵੇਗਾ। ਹਰੀ ਖਾਦ ਦੀ ਵਰਤੋਂ ਦੇ ਇਰਾਦੇ ਵਾਲੀਆਂ ਫਸਲਾਂ ਅਤੇ ਜਿਨ੍ਹਾਂ ਨੂੰ ਖੜੀਆਂ ਹੀ ਛੱਡ ਦਿੱਤਾ ਗਿਆ ਹੈ, ਵੀ ਅਯੋਗ ਹਨ।
CFAP 2 ਲਈ ਅਯੋਗ ਜਿੰਸਾਂ ਵਿੱਚ ਹੇਠ ਲਿਖੇ ਸ਼ਾਮਲ ਹਨ, ਪਰ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ:

- ਬੱਰਡਸ ਫੁੱਟ ਅਤੇ ਟ੍ਰੀਫੋਇਲ
- ਕਲੋਵਰ
- ਕਵਰ ਕ੍ਰੋਪ
- ਫਾਲੋ
- ਚਾਰਾ ਜ਼ੋਰਗੁਮ
- ਚਾਰਾ ਸੋਇਆਬੀਨ
- ਗਾਰਡਨਸ (ਵਪਾਰਕ ਅਤੇ ਘਰੇਲੂ)
- ਘਾਹ
- ਕੋਚੀਆ (ਪ੍ਰੋਸਟ੍ਰਾਟਾ)
- ਲੈਸਪੇਡਜ਼ਾ
- ਮਿਲਕਵੀਡ
- ਮਿਸ਼ਰਤ ਚਾਰਾ
- ਪੇਲਟ (ਮਿੰਕ ਨੂੰ ਛੱਡ ਕੇ)
- ਬਾਰਹਾਮਾਸੀ ਮੂੰਗਫਲੀ
- ਪਰਾਗਨ (ਪੋਲੀਨੇਟਰਸ)
- ਸੁਨ ਹੈਂਪ (ਭੰਗ)
- ਅਯੋਗ ਫਸਲਾਂ ਦੇ ਬੀਜ
- ਵੇਚ

## ਭੁਗਤਾਨ

CCC ਫੰਡਾਂ ਦੀ ਵਰਤੋਂ ਉਤਪਾਦਕਾਂ ਨੂੰ ਚਲ ਰਹੀਆਂ ਮਾਰਕੀਟ ਰੁਕਾਵਟਾਂ ਲਈ ਅੰਸ਼ਕ ਤੌਰ ਤੇ ਮੁਆਵਜ਼ਾ ਦੇਣ ਅਤੇ ਵਧੇਰੇ ਵਿਵਸਥਿਤ ਮਾਰਕੀਟਿੰਗ ਪ੍ਰਣਾਲੀ ਵਿੱਚ ਤਬਦੀਲੀ ਵਿੱਚ ਮਦਦ ਕਰਨ ਲਈ ਕੀਤੀ ਜਾਵੇਗੀ। CCC ਚਾਰਟਰ ਐਕਟ ਫੰਡਾਂ ਦੀ ਵਰਤੋਂ ਤੰਬਾਕੂ ਲਈ ਸਹਾਇਤਾ ਪ੍ਰਦਾਨ ਕਰਨ ਲਈ ਨਹੀਂ ਕੀਤੀ ਜਾ ਸਕਦੀ; ਹਾਲਾਂਕਿ, ਤੰਬਾਕੂ CARES ਐਕਟ ਦੁਆਰਾ ਅਧਿਕਾਰਤ ਬਾਕੀ ਫੰਡਾਂ ਦੀ ਵਰਤੋਂ ਕਰਦਿਆਂ CFAP 2 ਲਈ ਯੋਗ ਹੋਵੇਗਾ। ਤੰਬਾਕੂ ਦੇ ਭੁਗਤਾਨ ਤੇ ਥੋੜੇ ਸਮੇਂ ਲਈ ਕਿਸੇ ਵੀ ਸੋਧੇ ਜਾਂ ਨਵੀਂ CFAP 2 ਅਰਜ਼ੀਆਂ ਲਈ ਰੋਕ (ਹੋਲਡ) ਹੋਵੇਗੀ।

## ਮੁੱਲ ਟ੍ਰਿਗਰ ਵਾਲੀਆਂ ਫਸਲਾਂ

ਜੌਂ, ਮੱਕੀ, ਜ਼ੋਰਗੁਮ (ਜਵਾਰ), ਸੋਇਆਬੀਨ, ਸੂਰਜਮੁੱਖੀ, ਅਪਲੈਂਡ ਕਪਾਹ ਅਤੇ ਕਣਕ (ਸਾਰੀਆਂ ਸ਼੍ਰੇਣੀਆਂ) ਲਈ, ਭੁਗਤਾਨ ਫਸਲਾਂ ਦੇ ਯੋਗ 2020 ਏਕੜ ਦੇ ਅਧਾਰ 'ਤੇ ਹੋਣਗੇ, ਜਿਵੇਂ ਫਾਰਮ FSA-578 ਤੇ FSA ਰਿਪੋਰਟ ਕੀਤੇ ਗਏ ਹੋਣਗੇ, ਇਸ ਵਿੱਚ ਰੋਕੀ ਗਈ ਬਿਜਾਈ ਅਤੇ ਪ੍ਰਯੋਗਾਤਮਕ ਏਕੜ ਸ਼ਾਮਲ ਨਹੀਂ ਹਨ।

ਮੁੱਲ ਟ੍ਰਿਗਰ ਫਸਲਾਂ ਲਈ ਭੁਗਤਾਨ ਹੇਠ ਲਿਖਿਆਂ ਦਾ ਵੱਧ ਹੋਵੇਗਾ:

1. ਯੋਗ ਏਕੜਾਂ ਨੂੰ $15 ਪ੍ਰਤੀ ਏਕੜ ਦੀ ਭੁਗਤਾਨ ਦਰ ਨਾਲ ਗੁਣਾ ਕਰਕੇ; ਜਾਂ
2. ਯੋਗ ਏਕੜਾਂ ਨੂੰ ਦੇਸ਼ਭਰ ਫਸਲ ਮਾਰਕੀਟਿੰਗ ਪ੍ਰਤੀਸ਼ਤ ਨਾਲ ਗੁਣਾ ਕਰਕੇ, ਫਸਲ-ਵਿਸ਼ੇਸ਼ ਭੁਗਤਾਨ ਦਰ ਨਾਲ ਗੁਣਾ ਕਰਕੇ, ਅਤੇ ਫਿਰ ਉਤਪਾਦਕ ਦੇ ਭਾਰਿਤ 2020 ਅਸਲ ਉਤਪਾਦਨ ਇਤਿਹਾਸ (APH) ਮਨਜ਼ੂਰ ਉਪਜ ਨਾਲ ਗੁਣਾ ਕਰਕੇ। ਜੇ APH ਉਪਲੱਬਧ ਨਹੀਂ ਹੈ, ਤਾਂ ਉਸ ਫਸਲ ਲਈ 2019 ਖੇਤੀਬਾੜੀ ਜੋਖਮ ਕਵਰੇਜ – ਕਾਉਂਟੀ ਵਿਕਲਪ (ARC- CO) ਬੈਂਚਮਾਰਕ ਉਪਜ ਦੀ ਵਰਤੋਂ ਕੀਤੀ ਜਾਵੇਗੀ।

**ਮੁੱਲ ਟ੍ਰਿਗਰ ਫਸਲਾਂ ਲਈ ਭੁਗਤਾਨ ਦੀਆਂ ਦਰਾਂ**

| ਜਿੰਸ | ਮਾਪ ਦਾ ਯੂਨਿਟ | ਫਸਲ ਮਾਰਕੀਟਿੰਗ ਪ੍ਰਤੀਸ਼ਤ (%) | ਭੁਗਤਾਨ ਦੀ ਦਰ ($/ਯੂਨਿਟ) |
|---|---|---|---|
| ਜੌਂ | ਬੁਸ਼ੇਲਸ | 63 | $0.54 |
| ਮੱਕੀ | ਬੁਸ਼ੇਲਸ | 40 | $0.58 |
| ਕਪਾਹ, ਅਪਲੈਂਡ | ਪਾਉਂਡਸ | 46 | $0.08 |
| ਜ਼ੋਰਗੁਮ (ਜਵਾਰ) | ਬੁਸ਼ੇਲਸ | 55 | $0.56 |
| ਸੋਇਆਬੀਨ | ਬੁਸ਼ੇਲਸ | 54 | $0.58 |
| ਸੂਰਜਮੁੱਖੀ | ਪਾਉਂਡਸ | 44 | $0.02 |
| ਕਣਕ (ਸਾਰੀਆਂ ਸ਼੍ਰੇਣੀਆ) | ਬੁਸ਼ੇਲਸ | 73 | $0.54 |

## ਬ੍ਰੋਇਲਰਸ ਅਤੇ ਅੰਡੇ

ਬ੍ਰੋਇਲਰ ਲਈ, ਉਤਪਾਦਕ ਦੀ 2019 ਦੇ ਬ੍ਰੋਇਲਰ ਦੇ ਉਤਪਾਦਨ ਨੂੰ ਭੁਗਤਾਨ ਦਰ $1.01 ਪ੍ਰਤੀ ਪੰਛੀ (ਹੈਡ) ਗੁਣਾ ਕਰਕੇ ਆਏ ਮੁੱਲ ਦੇ 75 ਪ੍ਰਤੀਸ਼ਤ ਦੇ ਬਰਾਬਰ ਹੋਵੇਗਾ।

ਅੰਡਿਆਂ ਲਈ ਭੁਗਤਾਨ ਉਤਪਾਦਕ ਦੇ 2019 ਦੇ ਅੰਡਿਆਂ ਉਤਪਾਦਨ ਨੂੰ CCC ਭੁਗਤਾਨ ਦਰ ਨਾਲ ਗੁਣਾ ਕਰਕੇ ਆਏ ਮੁੱਲ ਦੇ 75 ਪ੍ਰਤੀਸ਼ਤ ਦੇ ਬਰਾਬਰ ਹੋਵੇਗਾ।

**ਮੁੱਲ ਟ੍ਰਿਗਰ ਫਸਲਾਂ ਲਈ ਭੁਗਤਾਨ ਦੀਆਂ ਦਰਾਂ**

| ਜਿੰਸ | ਮਾਪ ਦਾ ਯੂਨਿਟ | ਭੁਗਤਾਨ ਦੀ ਦਰ ($/ਯੂਨਿਟ) |
|---|---|---|
| ਸੀਪ (ਸ਼ੈੱਲ) ਦੇ ਅੰਡੇ | ਦਰਜਨ | 0.05 |
| ਤਰਲ ਅੰਡੇ | ਪਾਉਂਡਸ | 0.04 |
| ਸੁੱਕੇ ਅੰਡੇ | ਪਾਉਂਡਸ | 0.14 |
| ਜੰਮੇ ਹੋਏ ਅੰਡੇ | ਪਾਉਂਡਸ | 0.05 |

## ਡੇਅਰੀ

ਡੇਅਰੀ (ਗਾਂ ਦਾ ਦੁੱਧ) ਦੇ ਭੁਗਤਾਨ ਹੇਠ ਲਿਖਿਆਂ ਦੇ ਜੋੜ ਦੇ ਬਰਾਬਰ ਹੋਣਗੇ:

- 1 ਅਪ੍ਰੈਲ, 2020 ਤੋਂ ਲੈ ਕੇ 31 ਅਗਸਤ, 2020 ਤੱਕ ਉਤਪਾਦਕ ਦਾ ਕੁਲ ਅਸਲ ਦੁੱਧ ਉਤਪਾਦਨ ਨੂੰ ਪ੍ਰਤੀ ਹੰਡਰਡਵੇਟ $1.20 ਦੀ ਭੁਗਤਾਨ ਦਰ ਨਾਲ ਗੁਣਾ ਕਰਕੇ; ਅਤੇ
- 1 ਸਤੰਬਰ, 2020 ਤੋਂ ਲੈ ਕੇ 31 ਦਸੰਬਰ, 2020 ਤੱਕ ਉਤਪਾਦਕ ਦਾ ਅਨੁਮਾਨਤ ਦੁੱਧ ਉਤਪਾਦਨ ਨੂੰ ਪ੍ਰਤੀ ਹੰਡਰਡਵੇਟ $1.20 ਦੀ ਭੁਗਤਾਨ ਦਰ ਨਾਲ ਗੁਣਾ ਕਰਕੇ। FSA ਇਸ ਉਤਪਾਦਨ ਦਾ ਅਨੁਮਾਨ 1 ਅਪ੍ਰੈਲ ਤੋਂ 31 ਅਗਸਤ, 2020 ਤੱਕ ਉਤਪਾਦਕ ਦੇ ਰੋਜ਼ਾਨਾ ਦੇ ਔਸਤ ਉਤਪਾਦਨ ਨੂੰ 1 ਸਤੰਬਰ, 2020 ਤੋਂ 31 ਦਸੰਬਰ, 2020 ਤੱਕ ਡੇਅਰੀ ਓਪਰੇਸ਼ਨ ਦੁਆਰਾ ਦੁੱਧ ਵਪਾਰਕ ਤੌਰ ਤੇ ਵਿਕਰੀ ਕਰਨ ਵਾਲੇ ਦਿਨਾਂ ਦੀ ਸੰਖਿਆ ਨਾਲ ਗੁਣਾ ਕਰਨ ਦੇ ਅਧਾਰ ਤੇ ਕਰੇਗਾ।

CFAP 2 ਲਈ ਅਰਜ਼ੀ ਦੇਣ ਵਾਲੇ ਡੇਅਰੀ ਓਪਰੇਸ਼ਨ ਅਰਜ਼ੀ ਦੇਣ ਦੇ ਸਮੇਂ ਦੁੱਧ ਦਾ ਉਤਪਾਦਨ ਅਤੇ ਵਪਾਰਕ ਤੌਰ 'ਤੇ ਵਿਕਰੀ ਕਰਨ ਦੇ ਕਾਰੋਬਾਰ ਵਿੱਚ ਹੋਣੇ ਚਾਹੀਦੇ ਹਨ। ਡੇਅਰੀ ਓਪਰੇਸ਼ਨ ਜੋ 1 ਸਤੰਬਰ, 2020 ਨੂੰ ਜਾਂ ਇਸ ਤੋਂ ਬਾਅਦ ਭੰਗ ਹੋ ਗਏ ਹਨ ਜਾਂ ਭੰਗ ਹੋ ਰਹੇ ਹਨ, 1 ਸਤੰਬਰ, 2020 ਤੋਂ ਲੈਕੇ 31 ਦਸੰਬਰ, 2020 ਤੱਕ ਡੇਅਰੀ ਓਪਰੇਸ਼ਨ ਦੁਆਰਾ ਦੁੱਧ ਦੀ ਵਿਕਰੀ ਕਰਨ ਵਾਲੇ ਦਿਨਾਂ ਦੀ ਸੰਖਿਆ ਦੇ ਪ੍ਰੋਰੇਟਿਡ ਭੁਗਤਾਨ ਲਈ ਯੋਗ ਹਨ।

## ਮੁੱਲ-ਟ੍ਰਿਗਰ ਪਸ਼ੂਧਨ

ਮੁੱਲ-ਟ੍ਰਿੱਗਰ ਪਸ਼ੂਧਨ ਲਈ, ਭੁਗਤਾਨ ਪਸ਼ੂਆਂ ਦੀ ਇੱਕ ਨਿਸ਼ਚਤ ਸੰਖਿਆ ਤੇ ਅਧਾਰਤ ਹੁੰਦੇ ਹਨ, ਜਿਸ ਨੂੰ ਹੇਠ ਅਨੁਸਾਰ ਪਰਿਭਾਸ਼ਿਤ ਕੀਤਾ ਗਿਆ ਹੈ:

- 16 ਅਪ੍ਰੈਲ, 2020 ਤੋਂ, 31 ਅਗਸਤ, 2020 ਤੱਕ ਯੋਗ ਉਤਪਾਦਕ ਦੁਆਰਾ ਚੁਣੀ ਗਈ ਤਾਰੀਖ ਤੇ ਪ੍ਰਜਨਨ ਵਾਲੇ ਪਸ਼ੂਆਂ ਨੂੰ ਛੱਡ ਕੇ ਯੋਗ ਪਸ਼ੂਧਨ ਦੀ ਸਭ ਤੋਂ ਵੱਧ ਮਾਲਕੀਅਤੀ ਵਾਲੀ ਇਨਵੈਂਟਰੀ (ਸੂਚੀ), ਜਾਂ
- USDA ਦੁਆਰਾ ਸਥਾਪਤ ਕਿਸਮ ਅਨੁਸਾਰ ਪਸ਼ੂਧਨ ਦੀ ਵੱਧ-ਤੋਂ-ਵੱਧ ਗਿਣਤੀ।

**ਮੁੱਲ-ਟ੍ਰਿਗਰ ਪਸ਼ੂਧਨ ਲਈ ਭੁਗਤਾਨ ਦੀਆਂ ਦਰਾਂ**

| ਜਿੰਸ | ਮਾਪ ਦਾ ਯੂਨਿਟ | ਭੁਗਤਾਨ ਦੀ ਦਰ ($/ਯੂਨਿਟ) |
|---|---|---|
| ਬੀਫ ਪਸ਼ੂ | ਪ੍ਰਤੀ | $55 |
| ਹੌਗਸ ਅਤੇ ਪਿਗਸ (ਸੂਅਰ) | ਪ੍ਰਤੀ ਪਸ਼ੂ | $23 |
| ਲੇਲੇ ਅਤੇ ਭੇਡ | ਪ੍ਰਤੀ | $27 |

## ਪਸ਼ੂ ਉਤਪਾਦਕਾਂ ਲਈ CFAP 1 ਵਾਧੂ ਭੁਗਤਾਨ

ਕੰਸੋਲੀਡੇਟਿਡ ਅਪਰੋਪ੍ਰੀਏਸ਼ਨਸ ਐਕਟ 2021 ਪਸ਼ੂ ਉਤਪਾਦਕਾਂ ਲਈ ਵਾਧੂ CFAP ਸਹਾਇਤਾ ਪ੍ਰਦਾਨ ਕਰਦਾ ਹੈ। ਇਹ ਭੁਗਤਾਨ 16 ਅਪ੍ਰੈਲ, 2020 ਤੋਂ 14 ਮਈ, 2020 ਵਿਚਕਾਰ ਇਨਵੇਂਟਰੀ (ਸੂਚੀ) ਵਿੱਚ ਪਸ਼ੂਆਂ ਦੀ ਸੰਖਿਆ ਦੇ ਬਰਾਬਰ ਹੈ। ਮਨਜ਼ੂਰ CFAP 1 ਅਰਜ਼ੀਆਂ ਵਾਲੇ ਪਸ਼ੂ ਉਤਪਾਦਕ ਸਵੈਚਾਲਿਤ ਢੰਗ ਨਾਲ ਇਹ ਭੁਗਤਾਨ ਪ੍ਰਾਪਤ ਕਰਨਗੇ।

ਹੇਠਾਂ ਦਿੱਤੀਆਂ ਭੁਗਤਾਨ ਦਰਾਂ ਵਰਤੀਆਂ ਜਾਣਗੀਆਂ:

| ਯੋਗ ਜਿੰਸਾਂ | ਭੁਗਤਾਨ ਦੀ ਦਰ |
|---|---|
| ਫੀਡਰ (ਦੁੱਧ ਪਿਲਾਉਣ ਵਾਲੇ) ਪਸ਼ੂ: 600 ਪਾਉਂਡ ਤੋਂ ਘੱਟ | $7/ਪ੍ਰਤੀ |
| ਫੀਡਰ (ਦੁੱਧ ਪਿਲਾਉਣ ਵਾਲੇ) ਪਸ਼ੂ: 600 ਪਾਉਂਡ ਜਾਂ ਵੱਧ | $25.50/ਪ੍ਰਤੀ ਪਸ਼ੂ |
| ਕੱਟੇ ਜਾਣ ਵਾਲੇ ਪਸ਼ੂ: ਫੇਡ ਪਸ਼ੂ | $63.00/ਪ੍ਰਤੀ ਪਸ਼ੂ |
| ਕੱਟੇ ਜਾਣ ਵਾਲੇ ਪਸ਼ੂ: ਪਰਿਪੱਕ ਪਸ਼ੂ | $14.75/ਪ੍ਰਤੀ ਪਸ਼ੂ |
| ਹੋਰ ਸਾਰੇ ਪਸ਼ੂ | $17.25/ਪ੍ਰਤੀ ਪਸ਼ੂ |

## ਫਲੈਟ-ਮੁੱਲ ਵਾਲੀਆਂ ਫਸਲਾਂ

ਫਲੈਟ-ਮੁੱਲ ਵਾਲੀਆਂ ਫਸਲਾਂ ਲਈ, ਭੁਗਤਾਨ ਦੀ ਗਣਨਾ, ਰੋਕੀ ਗਈ ਬੀਜਾਈ ਅਤੇ ਪ੍ਰਯੋਗਾਤਮਕ ਏਕੜ ਨੂੰ ਛੱਡ ਕੇ,ਰਿਪੋਰਟ ਕੀਤੀ ਜਾਂ ਨਿਰਧਾਰਿਤ ਕੀਤੀ 2020 ਦੀ ਬੀਜਾਈ ਕੀਤੀ ਗਈ ਏਕੜਾਂ ਦੀ ਫਸਲ ਦੇ ਉਤਪਾਦਕ ਦੇ ਹਿੱਸੇ ਨੂੰ ਪ੍ਰਤੀ ਏਕੜ $15 ਨਾਲ ਗੁਣਾ ਕਰਕੇ ਕੀਤੀ ਜਾਵੇਗੀ।

## ਵਿਕਰੀ ਵਾਲੀਆਂ ਜਿੰਸਾਂ

ਵਿਕਰੀ ਵਾਲੀਆਂ ਜਿੰਸਾਂ ਲਈ, ਭੁਗਤਾਨ ਦੀ ਗਣਨਾ ਫਸਲ ਦੇ ਬੀਮਾ ਦੇ ਮੁਆਵਜ਼ੇ, ਗੈਰ ਬੀਮਾਕ੍ਰਿਤ ਫਸਲ ਤਬਾਹੀ ਸਹਾਇਤਾ ਪ੍ਰੋਗਰਾਮ ਅਤੇ ਜੰਗਲੀ ਅੱਗ ਅਤੇ ਤੂਫਾਨੀ ਮੁਆਵਜ਼ਾ ਪ੍ਰੋਗਰਾਮ ਜਮ੍ਹਾਂ ਫਸਲ ਸਾਲ 2019 ਦੇ ਭੁਗਤਾਨਾਂ ਦੇ ਨਾਲ-ਨਾਲ ਉਤਪਾਦਕ ਦੀ ਜਿੰਸ ਦੀ 2019 ਦੀ ਵਿਕਰੀ ਨਾਲ ਜੁੜੇ ਪੰਜ ਭੁਗਤਾਨ ਗ੍ਰੇਡੇਸ਼ਨਾਂ ਦੇ ਅਧਾਰ ਤੇ ਵਿਕਰੀ-ਅਧਾਰਤ ਪਹੁੰਚ ਦੀ ਵਰਤੋਂ ਕਰਕੇ ਕੀਤੀ ਜਾਵੇਗੀ।



| ਵਿਕਰੀ ਵਾਲੀ ਜਿੰਸਾਂ ਲਈ ਭੁਗਤਾਨ ਦੀਆਂ ਦਰਾਂ | |
|---|---|
| 2019 ਵਿਕਰੀ ਸੀਮਾ | ਪ੍ਰਤੀਸ਼ਤ ਭੁਗਤਾਨ ਕਾਰਕ |
| $49,999 ਤੱਕ | 10.6 |
| $50,000-$99,999 | 9.9 |
| $1,00,000-$4,99,999 | 9.7 |
| $5,00,000-$9,99,999 | 9.0 |
| ਸਾਰੀਆਂ ਵਿਕਰੀਆਂ $1 ਮਿਲੀਅਨ ਤੋਂ ਵੱਧ | 8.8 |

**ਉਦਾਹਰਣ**: ਇੱਕ ਉਤਪਾਦਕ ਦੀ ਯੋਗ ਜਿੰਸਾਂ ਦੀ ਵਿਕਰੀ 2019 ਲਈ ਕੁੱਲ $ 75,000 ਹੈ। ਭੁਗਤਾਨ ਦੀ ਗਣਨਾ ($ 49,999 ਗੁਣਾ 10.6%) ਜਮ੍ਹਾਂ ($25,001 ਗੁਣਾ 9.9%), ਇਹ $7,775 ਦੇ ਭੁਗਤਾਨ ਦੇ ਬਰਾਬਰ ਹੈ।

### ਕੰਟਰੈਕਟ ਉਤਪਾਦਕਾਂ ਲਈ ਭੁਗਤਾਨ ਦੀ ਗਣਨਾ:

**ਯੋਗ ਮਾਲੀਆ** 1 ਜਨਵਰੀ, 2019 ਤੋਂ 27 ਦਸੰਬਰ, 2019 ਤੱਕ ਪ੍ਰਾਪਤ ਹੋਇਆ

— **ਯੋਗ ਮਾਲੀਆ** 1 ਜਨਵਰੀ 1, 2020 ਤੋਂ ਦਸੰਬਰ 27, 2020 ਤੱਕ ਪ੍ਰਾਪਤ ਹੋਇਆ

---

**ਯੋਗ ਮਾਲੀਆ ਦਾ ਅੰਤਰ** X 80%

## ਕਤਾਰ-ਫਸਲ ਉਤਪਾਦਕਾਂ ਲਈ ਵਾਧੂ ਭੁਗਤਾਨ

ਕੰਸੋਲੀਡੇਟਿਡ ਅਪਰੋਪ੍ਰੀਏਸ਼ਨਸ ਐਕਟ 2021 ਮੁੱਲ-ਟ੍ਰਿਗਰ ਅਤੇ ਫਲੈਟ ਮੁੱਲ ਫਸਲਾਂ ਦੇ ਉਤਪਾਦਕਾਂ ਲਈ ਵਾਧੂ CFAP ਸਹਾਇਤਾ ਪ੍ਰਦਾਨ ਕਰਦਾ ਹੈ। ਇਹ ਭੁਗਤਾਨ ਫਸਲਾਂ ਦੇ ਯੋਗ ਏਕੜ ਨੂੰ ਪ੍ਰਤੀ ਯੋਗ ਏਕੜ $20 ਦੀ ਭੁਗਤਾਨ ਦਰ ਨਾਲ ਗੁਣਾ ਕਰਕੇ ਪ੍ਰਾਪਤ ਹੋਏ ਮੁੱਲ ਦੇ ਬਰਾਬਰ ਹੈ। FSA ਯੋਗ ਉਤਪਾਦਕਾਂ ਦੀ CFAP 2 ਅਰਜ਼ੀਆਂ ਤੇ ਸ਼ਾਮਲ ਯੋਗ ਏਕੜਾਂ ਦੇ ਅਧਾਰ ਤੇ ਉਨ੍ਹਾਂ ਨੂੰ ਭੁਗਤਾਨ ਜਾਰੀ ਕਰੇਗੀ। ਯੋਗ ਉਤਪਾਦਕ ਜਿਨ੍ਹਾਂ ਨੇ ਪਹਿਲਾਂ ਹੀ CFAP 2 ਲਈ ਅਰਜ਼ੀ ਦਿੱਤੀ ਹੈ, ਨੂੰ ਇਸ ਭੁਗਤਾਨ ਨੂੰ ਪ੍ਰਾਪਤ ਕਰਨ ਲਈ ਨਵੀਂ ਅਰਜ਼ੀ ਜਮ੍ਹਾਂ ਕਰਨ ਦੀ ਜ਼ਰੂਰਤ ਨਹੀਂ ਹੈ।

## 2020 ਵਿੱਚ ਨਵੇਂ ਉਤਪਾਦਕ

ਭੁਗਤਾਨ ਦੀ ਗਣਨਾ ਬ੍ਰੋਇਲਰਸ, ਅੰਡੇ, ਅਤੇ ਵਿਕਰੀ ਵਾਲੀਆਂ ਜਿੰਸਾਂ ਦੇ ਉਨ੍ਹਾਂ ਉਤਪਾਦਕਾਂ, ਜਿਨ੍ਹਾਂ ਨੇ 2020 ਵਿੱਚ ਖੇਤੀ ਸ਼ੁਰੂ ਕੀਤੀ ਸੀ ਅਤੇ 2019 ਵਿੱਚ ਕੋਈ ਉਤਪਾਦਨ ਜਾਂ ਵਿਕਰੀ ਨਹੀਂ ਸੀ, ਲਈ ਉਪਰੋਕਤ ਦੱਸੇ ਗਏ ਤਰੀਕੇ ਦੀ ਵਰਤੋਂ ਕਰਨ ਨਾਲ ਨਹੀਂ ਕੀਤੀ ਜਾ ਸਕਦੀ ਹੈ।

ਅਜਿਹੇ ਉਤਪਾਦਕਾਂ ਲਈ ਭੁਗਤਾਨ ਉਸ ਤਾਰੀਖ ਤੱਕ ਉਤਪਾਦਕ ਦੇ ਅਸਲ 2020 ਦੇ ਉਤਪਾਦਨ ਜਾਂ ਉਸ ਤਾਰੀਖ ਤੱਕ ਵਿਕਰੀ 'ਤੇ ਅਧਾਰਤ ਹੋਵੇਗਾ ਜਦੋਂ ਉਤਪਾਦਕ ਭੁਗਤਾਨ ਲਈ ਅਰਜ਼ੀ ਜਮ੍ਹਾਂ ਕਰਦਾ ਹੈ।

## ਭੁਗਤਾਨ ਸੀਮਾ

CFAP 2 ਭੁਗਤਾਨ $250,00 ਦੀ ਇੱਕ ਪ੍ਰਤੀ ਵਿਅਕਤੀ ਅਤੇ ਕਾਨੂੰਨੀ ਇਕਾਈ ਭੁਗਤਾਨ ਦੀ ਸੀਮਾ ਦੇ ਅਧੀਨ ਹਨ। ਇਹ ਸੀਮਾ ਸਾਰੀਆਂ ਯੋਗ ਜਿੰਸਾਂ ਲਈ CFAP 2 ਭੁਗਤਾਨ ਦੀ ਕੁੱਲ ਰਕਮ ਤੇ ਲਾਗੂ ਹੁੰਦੀ ਹੈ।


ਹੋਰ FSA ਪ੍ਰੋਗਰਾਮਾਂ ਦੇ ਉਲਟ, ਵਿਸ਼ੇਸ਼ ਭੁਗਤਾਨ ਸੀਮਾ ਨਿਯਮ ਉਨ੍ਹਾਂ ਭਾਗੀਦਾਰਾਂ ਤੇ ਲਾਗੂ ਹੁੰਦੇ ਹਨ ਜੋ ਕਾਰਪੋਰੇਸ਼ਨ, ਸੀਮਿਤ ਦੇਣਦਾਰੀ ਕੰਪਨੀਆਂ, ਸੀਮਿਤ ਭਾਈਵਾਲ (ਕਾਰਪੋਰੇਟ ਇਕਾਈਆਂ), ਟਰੱਸਟ ਅਤੇ ਅਸਟੇਟ ਹਨ। ਇਹ ਕਾਨੂੰਨੀ ਇਕਾਈਆਂ ਮੈਂਬਰਾਂ ਦੀ ਗਿਣਤੀ (ਤਿੰਨ ਮੈਂਬਰਾਂ ਤੋਂ ਵੱਧ ਨਾ ਹੋਣ) ਦੇ ਅਧਾਰ ਤੇ $750,000 ਤੱਕ ਪ੍ਰਾਪਤ ਕਰ ਸਕਦੀਆਂ ਹਨ, ਜਿਨ੍ਹਾਂ ਵਿੱਚੋਂ ਹਰੇਕ ਨੇ ਘੱਟੋ-ਘੱਟ 400 ਘੰਟੇ ਦੀ ਸਕ੍ਰਿਯ ਨਿੱਜੀ ਕਿਰਤ ਜਾਂ ਸਕ੍ਰਿਯ ਨਿੱਜੀ ਪ੍ਰਬੰਧਨ ਦਾ ਯੋਗਦਾਨ ਪਾਇਆ ਹੈ।

### ਕਿਸੇ ਕਾਨੂੰਨੀ ਇਕਾਈ ਲਈ:

- ਅਜਿਹੇ ਇੱਕ ਮੈਂਬਰ ਦੇ ਨਾਲ, ਇਕਾਈ ਲਈ ਭੁਗਤਾਨ ਦੀ ਸੀਮਾ $250,000 ਹੈ;
- ਦੋ ਅਜਿਹੇ ਮੈਂਬਰਾਂ ਦੇ ਨਾਲ, ਇਕਾਈ ਲਈ ਭੁਗਤਾਨ ਦੀ ਸੀਮਾ $500,000 ਹੈ ਜੇ ਘੱਟੋ-ਘੱਟ ਦੋ ਮੈਂਬਰ ਕਾਰਪੋਰੇਟ ਇਕਾਈ ਦੇ ਕੰਮਕਾਜ ਦੇ ਸਬੰਧ ਵਿੱਚ ਸਕ੍ਰਿਯ ਨਿੱਜੀ ਕਿਰਤ ਜਾਂ ਸਰਗਰਮ ਨਿੱਜੀ ਪ੍ਰਬੰਧਨ ਜਾਂ ਇਨ੍ਹਾਂ ਦੇ ਸੁਮੇਲ ਵਿੱਚ ਘੱਟੋ-ਘੱਟ 400 ਘੰਟੇ ਦਾ ਯੋਗਦਾਨ ਪਾਉਂਦੇ ਹਨ; ਅਤੇ
- ਤਿੰਨ ਅਜਿਹੇ ਮੈਂਬਰਾਂ ਦੇ ਨਾਲ, ਇਕਾਈ ਲਈ ਸੀਮਾ $750,000 ਹੈ ਜੇ ਘੱਟੋ-ਘੱਟ ਤਿੰਨ ਮੈਂਬਰ ਕਾਰਪੋਰੇਟ ਇਕਾਈ ਦੇ ਕੰਮਕਾਜ ਦੇ ਸਬੰਧ ਵਿੱਚ ਕਿਰਿਆਸ਼ੀਲ ਨਿੱਜੀ ਕਿਰਤ ਜਾਂ ਸਕ੍ਰਿਯ ਨਿੱਜੀ ਪ੍ਰਬੰਧਨ ਜਾਂ ਇਨ੍ਹਾਂ ਦੇ ਸੁਮੇਲ ਵਿੱਚ ਘੱਟੋ-ਘੱਟ 400 ਘੰਟੇ ਦਾ ਯੋਗਦਾਨ ਪਾਉਂਦੇ ਹਨ; ਅਤੇ

CFAP 2 ਦੀ ਭੁਗਤਾਨ ਸੀਮਾ CFAP 1 ਭੁਗਤਾਨ ਸੀਮਾ ਤੋਂ ਵੱਖ ਹੈ।

ਕਤਾਰ-ਫਸਲ ਅਤੇ ਪਸ਼ੂ ਉਤਪਾਦਕਾਂ ਲਈ ਜਾਰੀ ਕੀਤੀ ਜਾ ਰਹੀ ਵਾਧੂ ਸਹਾਇਤਾ ਦੇ ਨਤੀਜੇ ਵਜੋਂ, ਕੋਈ ਵੀ CFAP ਬਿਨੈਕਾਰ ਜੋ ਇੱਕ ਕਾਰਪੋਰੇਸ਼ਨ, ਸੀਮਿਤ ਦੇਣਦਾਰੀ ਵਾਲੀ ਕਾਰਪੋਰੇਸ਼ਨ, ਸੀਮਿਤ ਭਾਈਵਾਲ, ਟ੍ਰਸਟ, ਜਾਂ ਅਸਟੇਟ ਹੈ, ਕੋਲ ਇਕਾਈ ਦੇ ਉਹਨਾਂ ਮੈਂਬਰਾਂ ਲਈ $250,000 ਦੀ ਭੁਗਤਾਨ ਸੀਮਾ ਵਿੱਚ ਵਾਧੇ ਦੀ ਮੰਗ ਕਰਨ ਦਾ ਵਿਕਲਪ ਹੋਵੇਗਾ ਜੋ ਸਕ੍ਰਿਯ ਨਿੱਜੀ ਕਿਰਤ ਜਾਂ ਸਕ੍ਰਿਯ ਨਿੱਜੀ ਪ੍ਰਬੰਧਨ ਜਾਂ ਇਨ੍ਹਾਂ ਦੇ ਸੁਮੇਲ ਵਿੱਚ ਘੱਟੋ-ਘੱਟ 400 ਘੰਟੇ ਦਾ ਯੋਗਦਾਨ ਪਾਉਂਦੇ ਹਨ, ਪਰ ਇਸ ਵਿੱਚ ਵੱਧ ਤੋਂ ਵੱਧ ਤਿੰਨ ਮੈਂਬਰਾਂ ਤੋਂ ਵੱਧ ਨਾ ਹੋਣ। ਕਿਸੇ ਕਾਨੂੰਨੀ ਇਕਾਈ ਦੇ ਅਧਿਕਾਰਤ ਪ੍ਰਤੀਨਿਧ ਨੂੰ ਪਹਿਲਾਂ ਦਾਇਰ ਕੀਤੀ ਗਈ CFAP 1 ਜਾਂ 2 ਅਰਜ਼ੀ ਵਿੱਚ ਸੋਧ ਕਰਨ ਲਈ ਉਨ੍ਹਾਂ ਦੇ ਸਥਾਨਕ FSA ਸਟਾਫ ਨਾਲ ਸੰਪਰਕ ਕਰਨਾ ਚਾਹੀਦਾ ਹੈ।



## ਅਰਜ਼ੀ ਕਿੱਥੇ ਦਾਇਰ ਕਰਨੀ ਹੈ

ਤੁਹਾਡੇ ਸਥਾਨਕ USDA ਸਰਵਿਸ ਸੈਂਟਰ ਵਿੱਚ FSA ਸਟਾਫ ਉਤਪਾਦਕਾਂ ਨਾਲ ਅਰਜ਼ੀ ਦਾਇਰ ਕਰਨ ਲਈ ਕੰਮ ਕਰੇਗਾ। ਅਰਜ਼ੀਆਂ ਮੇਲ, ਫੈਕਸ, ਹੱਥੀ ਡਿਲੀਵਰੀ, ਜਾਂ ਇਲੈਕਟ੍ਰਾਨਿਕ ਸਾਧਨਾਂ ਰਾਹੀਂ ਜਮ੍ਹਾਂ ਕੀਤੀਆਂ ਜਾ ਸਕਦੀਆਂ ਹਨ। ਇਲੈਕਟ੍ਰਾਨਿਕ ਢੰਗ ਨਾਲ ਅਰਜ਼ੀਆਂ ਭੇਜਣ ਤੋਂ ਪਹਿਲਾਂ ਕਿਰਪਾ ਕਰਕੇ ਆਪਣੇ ਦਫ਼ਤਰ ਨੂੰ ਕਾਲ ਕਰੋ।

CFAP 2 ਅਰਜ਼ੀ ਅਤੇ ਸਬੰਧਤ ਫਾਰਮ farmers.gov/cfap ਤੇ ਆਨਲਾਈਨ ਉਪਲੱਬਧ ਹਨ।

## ਮਦਦ ਲਈ ਕਿਸ ਨੂੰ ਕਾਲ ਕਰਨੀ ਹੈ

ਇਸ ਤੋਂ ਇਲਾਵਾ, CFAP 2 ਅਰਜ਼ੀ ਨਾਲ ਆਹਮਣੇ-ਸਾਹਮਣੇ ਦੇ ਸਮਰਥਨ ਵਿੱਚ ਦਿਲਚਸਪੀ ਰੱਖਣ ਵਾਲੇ ਉਤਪਾਦਕ ਸਹਾਇਤਾ ਦੀ ਪੇਸ਼ਕਸ਼ ਕਰਨ ਲਈ ਤਿਆਰ USDA ਕਰਮਚਾਰੀ ਨਾਲ ਸਿੱਧੇ ਤੌਰ 'ਤੇ ਗੱਲ ਕਰਨ ਲਈ 877-508-8364 ਤੇ ਸਾਡੇ ਕਾਲ ਸੈਂਟਰ ਨਾਲ ਸੰਪਰਕ ਕਰ ਸਕਦੇ ਹਨ।

## ਹੋਰ ਜਾਣਕਾਰੀ

ਇਹ ਤੱਥ ਪੱਤਰ ਸਿਰਫ ਜਾਣਕਾਰੀ ਦੇ ਉਦੇਸ਼ਾਂ ਲਈ ਹੈ; ਹੋਰ ਪਾਬੰਦੀਆਂ ਲਾਗੂ ਹੋ ਸਕਦੀਆਂ ਹਨ। CFAP ਪ੍ਰੋਗਰਾਮ ਬਾਰੇ ਵਧੇਰੇ ਜਾਣਕਾਰੀ ਲਈ farmers.gov/cfap ਤੇ ਜਾਓ ਜਾਂ ਆਪਣੇ ਸਥਾਨਕ FSA ਦਫਤਰ ਨਾਲ ਸੰਪਰਕ ਕਰੋ। ਆਪਣੇ ਸਥਾਨਕ FSA ਦਫਤਰ ਦਾ ਪਤਾ ਲਗਾਉਣ ਲਈ, farmers.gov/service-locator ਤੇ ਜਾਓ।



FARMERS.GOV

USDA ਇੱਕ ਬਰਾਬਰ ਅਵਸਰ ਪ੍ਰਦਾਨ ਕਰਨ ਵਾਲਾ, ਰੁਜ਼ਗਾਰਦਾਤਾ ਅਤੇ ਕਰਜ਼ਾ ਪ੍ਰਦਾਤਾ ਹੈ।